ਸਕੂਲਾਂ ਵਿੱਚ SOGI ਬਾਰੇ ਆਮ ਸਵਾਲ

ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਸਕੂਲਾਂ ਵਿੱਚ ਬੱਚਿਆਂ ਨੂੰ ਸੈਕਸ਼ੁਅਲ ਔਰੀਐਂਟੇਸ਼ਨ ਅਤੇ ਜੈਂਡਰ ਆਈਡੈਂਟਿਟੀ (SOGI) ਬਾਰੇ ਕੀ ਸਿਖਾਇਆ ਜਾ ਰਿਹਾ ਹੈ?

ਸਕੂਲਾਂ ਵਿੱਚ ਜੈਂਡਰ ਅਤੇ ਲੈਂਗਿਕਤਾ ਬਾਰੇ ਕਾਫ਼ੀ ਗਲਤ ਜਾਣਕਾਰੀ ਵੀ ਫੈਲਦੀ ਹੈ।SOGI-ਸ਼ਾਮਲ ਸਕੂਲ ਉਹ ਥਾਵਾਂ ਹੁੰਦੀਆਂ ਹਨ ਜਿੱਥੇ ਹਰ ਵਿਦਿਆਰਥੀ, ਅਧਿਆਪਕ ਅਤੇ ਪਰਿਵਾਰ ਦਾ ਸਵਾਗਤ ਕੀਤਾ ਜਾਂਦਾ ਹੈ ਅਤੇ ਇੱਜ਼ਤ ਨਾਲ ਪੇਸ਼ ਆਇਆ ਜਾਂਦਾ ਹੈ।

ਇਸ ਟੈਕਸਟ ਨੂੰ ਉੱਚੀ ਆਵਾਜ਼ ਵਿੱਚ ਸੁਣਨ ਲਈ ਇੱਥੇ ਸਕੈਨ ਕਰੋ।
Scan or click here to hear this text read out loud

SOGI 123
SOGIeducation.org 'ਤੇ ਹੋਰ ਜਾਣੋ।

ਸਕੂਲ ਵਿੱਚ ਸੈਕਸ਼ੁਅਲ ਔਰੀਐਂਟੇਸ਼ਨ ਅਤੇ ਜੈਂਡਰ ਆਈਡੈਂਟਿਟੀ (SOGI) ਕੀ ਹੁੰਦਾ ਹੈ?

SOGI,ਵਿਭਿੰਨਤਾ (diversity)ਬਾਰੇ ਸਕੂਲਾਂ ਵਿੱਚ ਨਿਯਮਿਤ ਤੌਰ 'ਤੇ ਚਰਚਾ ਕੀਤੇ ਜਾਣ ਵਾਲੇ ਕਈ ਵਿਸ਼ਿਆਂ ਵਿੱਚੋਂ ਇੱਕ ਵਿਸ਼ਾ ਹੈ। ਇਹ ਵਿਦਿਆਰਥੀਆਂ ਨੂੰ ਇਹ ਸਿੱਖਣ ਦਾ ਮੌਕਾ ਦਿੰਦਾ ਹੈ ਕਿ ਲੋਕਾਂ ਦੀਆਂ ਕਿੰਨੀਆਂ ਵੱਖ-ਵੱਖ ਕਿਸਮਾਂ ਦੀਆਂ ਪਹਿਚਾਣਾਂ ਹੁੰਦੀਆਂ ਹਨ, ਅਤੇ ਨਾਲ ਹੀ ਬੱਚਿਆਂ ਨੂੰ ਇਹ ਮਹਿਸੂਸ ਕਰਨ ਵਿੱਚ ਮਦਦ ਕਰਦਾ ਹੈ ਕਿ ਉਹ ਖੁਦ, ਅਤੇ ਉਹਨਾਂ ਦੇ ਪਰਿਵਾਰ, ਉਹਨਾ ਦੇ ਸਿੱਖਣ ਵਾਲੇ ਮਾਹੌਲ ਵਿੱਚ ਨਜ਼ਰ ਆ ਰਹੇ ਹਨ ਅਤੇ ਸਵੀਕਾਰੇ ਜਾਂਦੇ ਹਨ।

SOGI-ਸ਼ਾਮਲ ਸਿੱਖਿਆ ਵਿੱਚ ਇਹ ਵਿਸ਼ੇ ਸ਼ਾਮਲ ਹੋ ਸਕਦੇ ਹਨ:

- ਪਰਿਵਾਰਾਂ ਦੀ ਵਿਭਿੰਨਤਾ
- ਫ਼ਰਕਾਂ ਦੀ ਇੱਜ਼ਤ ਕਰਨਾ
- ਪਹਿਚਾਣਾਂ ਨੂੰ ਸਮਝਣਾ
- ਬੁਲੀਇੰਗ ਦੇ ਖ਼ਿਲਾਫ਼ ਸਿੱਖਿਆ
- ਸ਼ਮੂਲੀਅਤ (ਹਰ ਕਿਸੇ ਨੂੰ ਨਾਲ ਰੱਖਣਾ)
- ਹਮਦਰਦੀ (ਦੂਜਿਆਂ ਦੇ ਅਹਿਸਾਸ ਨੂੰ ਸਮਝਣਾ)

ਅਫ਼ਸੋਸ ਦੀ ਗੱਲ ਹੈ ਕਿ ਸਕੂਲ ਹਮੇਸ਼ਾ ਹਰ ਜੈਂਡਰ ਅਤੇ ਹਰ ਲੈਂਗਿਕ ਪਹਿਚਾਣ ਵਾਲੇ ਲਈ ਸੁਰੱਖਿਅਤ ਥਾਂ ਨਹੀਂ ਹੁੰਦੇ। SOGI-ਸ਼ਾਮਲ ਸਿੱਖਿਆ ਬੁਲੀਇੰਗ ਅਤੇ ਭੇਦਭਾਵ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ ਅਤੇ ਸਭ ਵਿਦਿਆਰਥੀਆਂ 'ਤੇ ਸਕਾਰਾਤਮਕ ਅਸਰ ਪਾਂਦੀ ਹੈ।

ਕੀ ਅਧਿਆਪਕ ਮੇਰੇ ਬੱਚੇ ਨੂੰ ਮੇਰੀ ਜਾਣਕਾਰੀ ਤੋਂ ਬਿਨਾ ਸਰਜਰੀ ਕਰਵਾਉਣ ਜਾਂ ਹੋਰਮੋਨ (ਦਵਾਈਆਂ) ਲੈਣ ਲਈ ਪ੍ਰੇਰਿਤ ਕਰ ਰਹੇ ਹਨ?

ਨਹੀਂ। ਤਬੀਬੀ ਫ਼ੈਸਲੇ, ਜਿਨ੍ਹਾਂ ਵਿੱਚ ਜੈਂਡਰ ਨਾਲ ਜੁੜੀ ਸਹਾਇਤਾ ਜਾਂ ਇਲਾਜ (gender-affirming care) ਵੀ ਸ਼ਾਮਲ ਹੈ, ਪਰਿਵਾਰ ਅਤੇ ਤੁਹਾਡੇ ਹੈਲਥਕੇਅਰ ਪ੍ਰੋਫੈਸ਼ਨਲ — ਜਿਵੇਂ ਡਾਕਟਰ ਆਦਿ — ਮਿਲ ਕੇ ਕਰਦੇ ਹਨ, ਅਧਿਆਪਕ ਜਾਂ ਸਕੂਲ ਨਹੀਂ।

ਜਿਵੇਂ ਹੋਰ ਕਿਸੇ ਵੀ ਸਿਹਤ-ਸਬੰਧੀ ਸਵਾਲ ਵਿੱਚ ਹੁੰਦਾ ਹੈ, ਅਧਿਆਪਕ ਸਿਰਫ਼ ਵਿਦਿਆਰਥੀਆਂ ਨੂੰ ਜਾਣਕਾਰੀ ਅਤੇ ਸਾਧਨਾਂ ਨਾਲ ਜੋੜ ਸਕਦੇ ਹਨ, ਜਾਂ ਇਹ ਸਿਫ਼ਾਰਸ਼ ਕਰ ਸਕਦੇ ਹਨ ਕਿ ਜੇ ਉਹਨਾਂ ਨੂੰ ਸਵਾਲ ਹੋਣ, ਤਾਂ ਉਹ ਕਿਸੇ ਭਰੋਸੇਯੋਗ ਵੱਡੇ ਵਿਅਕਤੀ — ਜਿਵੇਂ ਡਾਕਟਰ ਜਾਂ ਸਕੂਲ ਕਾਊਂਸਲਰ — ਨਾਲ ਗੱਲ ਕਰਨ।

ਕੀ ਸਕੂਲ ਵਿੱਚ ਬੱਚਿਆਂ ਨੂੰ SOGI ਬਾਰੇ ਪੜ੍ਹਾਉਣਾ ਉਹਨਾਂ ਨੂੰ ਆਪਣੀ ਪਹਿਚਾਣ ਬਾਰੇ ਸਵਾਲ ਕਰਨ ਲਈ ਉਤਸ਼ਾਹਿਤ ਕਰੇਗਾ?

ਨਹੀਂ। ਤੁਹਾਡੇ ਤੋਂ ਵੱਖਰੇ ਲੋਕਾਂ ਬਾਰੇ ਸਿੱਖਣ ਨਾਲ ਇਹ ਨਹੀਂ ਬਦਲਦਾ ਕਿ ਤੁਸੀਂ ਕੌਣ ਹੋ। ਇਸ ਦੀ ਬਜਾਏ, ਇਹ ਬੱਚਿਆਂ ਨੂੰ ਆਪਣੇ ਆਲੇ-ਦੁਆਲੇ ਦੀ ਦੁਨੀਆ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਵਿੱਚ ਮਦਦ ਕਰਦਾ ਹੈ।

ਬੱਚੇ ਬਹੁਤ ਛੋਟੀ ਉਮਰ ਤੋਂ ਹੀ ਲੋਕਾਂ ਵਿੱਚ ਮੌਜੂਦ ਫ਼ਰਕਾਂ ਨੂੰ ਵੇਖਦੇ ਹਨ ਅਤੇ ਉਹਨਾਂ ਬਾਰੇ ਸੋਚਦੇ ਵੀ ਹਨ। ਗੇ, ਲੈਸਬੀਅਨ ਜਾਂ ਟ੍ਰਾਂਸਜੈਂਡਰ ਲੋਕਾਂ ਦੀ ਮੌਜੂਦਗੀ ਨੂੰ ਲੁਕਾਉਣ ਦੀ ਕੋਸ਼ਿਸ਼ ਕਰਨ ਨਾਲ ਉਲਝਣ ਹੋਰ ਵੱਧਦੀ ਹੈ।

SOGI-ਸ਼ਾਮਲ ਸਿੱਖਿਆ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਦੀ ਹੈ, ਕਿਉਂਕਿ ਇਹ ਤੱਥਾਂ 'ਤੇ ਆਧਾਰਿਤ, ਉਮਰ ਅਨੁਸਾਰ ਅਤੇ ਸਭ ਵਿਦਿਆਰਥੀਆਂ ਲਈ ਫ਼ਾਇਦੇਮੰਦ ਹੁੰਦੀ ਹੈ — ਇਸ ਵਿੱਚ ਉਹ ਵਿਦਿਆਰਥੀ ਵੀ ਸ਼ਾਮਲ ਹਨ ਜੋ ਆਪਣੇ ਆਪ ਨੂੰ ਸਿੱਧੇ(straight) ਸਮਝਦੇ ਹਨ।

ਕੀ ਮੈਨੂੰ ਦੱਸਿਆ ਜਾਵੇਗਾ ਜੇ ਮੇਰਾ ਬੱਚਾ ਸਕੂਲ ਵਿੱਚ ਆਪਣੀ ਜੈਂਡਰ ਜਾਂ ਲੈਂਗਿਕ ਪਹਿਚਾਣ ਬਾਰੇ ਖੁੱਲ੍ਹ ਕੇ ਦੱਸੇ?

ਅਧਿਆਪਕ ਸਮਝਦੇ ਹਨ ਕਿ ਬੱਚੇ ਉਦੋਂ ਹੀ ਚੰਗਾ ਕਰਦੇ ਹਨ ਜਦੋਂ ਮਾਪੇ ਅਤੇ ਸਿੱਖਿਆਕ ਇਕੱਠੇ ਮਿਲ ਕੇ ਕੰਮ ਕਰਦੇ ਹਨ। ਜੇਕਰ ਕਿਸੇ ਅਧਿਆਪਕ ਨੂੰ ਕਿਸੇ ਵਿਦਿਆਰਥੀ ਦੀ ਜੈਂਡਰ ਜਾਂ ਲੈਂਗਿਕ ਪਹਿਚਾਣ ਬਾਰੇ ਮਾਪਿਆਂ ਤੋਂ ਪਹਿਲਾਂ ਕੋਈ ਨਵੀਂ ਜਾਣਕਾਰੀ ਪਤਾ ਲੱਗਦੀ ਹੈ, ਤਾਂ ਉਹ ਨੌਜਵਾਨ ਦੀ ਮਦਦ ਕਰ ਸਕਦੇ ਹਨ ਕਿ ਜਦੋਂ ਉਹ ਤਿਆਰ ਹੋਣ, ਉਹ ਇਹ ਗੱਲ ਆਪਣੇ ਮਾਪਿਆਂ ਨਾਲ ਸਾਂਝੀ ਕਰਨ।

ਪਿਆਰ ਭਰੇ ਤੇ ਸਮਰਥਨ ਵਾਲੇ ਘਰਾਂ ਵਿੱਚ ਵੀ ਨੌਜਵਾਨ ਕਈ ਵਾਰ ਇਸ ਗੱਲ ਨੂੰ ਲੈ ਕੇ ਘਬਰਾਏ ਰਹਿੰਦੇ ਹਨ ਕਿ ਉਹਨਾਂ ਦਾ ਪਰਿਵਾਰ ਉਹਨਾਂ ਦੀ ਜੈਂਡਰ ਜਾਂ ਲੈਂਗਿਕ ਪਹਿਚਾਣ ਬਾਰੇ ਨਵੀਂ ਜਾਣਕਾਰੀ 'ਤੇ ਕਿਵੇਂ ਪ੍ਰਤੀਕ੍ਰਿਆ ਕਰੇਗਾ। ਪਹਿਲਾਂ ਕਿਸੇ ਭਰੋਸੇਯੋਗ ਅਧਿਆਪਕ ਨਾਲ ਗੱਲ ਕਰ ਲੈਣਾ, ਉਹਨਾਂ ਨੂੰ ਆਪਣੇ ਅਹਿਸਾਸ ਸਮਝਣ ਤੇ ਸਮ੍ਹਾਲਣ ਦਾ ਮੌਕਾ ਦਿੰਦਾ ਹੈ, ਇਸ ਤੋਂ ਪਹਿਲਾਂ ਕਿ ਉਹ ਤੁਹਾਡੇ ਨਾਲ ਇਹ ਮਹੱਤਵਪੂਰਨ ਗੱਲਬਾਤ ਕਰਨ।

ਵਿਦਿਆਰਥੀਆਂ ਨੂੰ ਇਹ ਫ਼ੈਸਲਾ ਕਰਨ ਦੀ ਇਜਾਜ਼ਤ ਦੇਣਾ ਕਿ ਉਹ ਇਸ ਤਰ੍ਹਾਂ ਦੀ ਮਹੱਤਵਪੂਰਨ ਜਾਣਕਾਰੀ ਕਿਵੇਂ ਅਤੇ ਕਦੋਂ ਸਾਂਝੀ ਕਰਦੇ ਹਨ, ਸਕੂਲ, ਵਿਦਿਆਰਥੀਆਂ ਅਤੇ ਮਾਪਿਆਂ ਵਿਚਕਾਰ ਭਰੋਸਾ ਬਣਾਉਂਦਾ ਹੈ।

ਜੇ ਮੈਂ SOGI ਦਾ ਸਮਰਥਨ ਨਹੀਂ ਕਰਦਾ/ਕਰਦੀ, ਕੀ ਮੈਂ ਆਪਣੇ ਬੱਚੇ ਦੇ ਸਕੂਲ ਨੂੰ SOGI-ਸ਼ਾਮਲ ਹੋਣ ਤੋਂ ਰੋਕ ਸਕਦਾ/ਸਕਦੀ ਹਾਂ?

ਕੋਈ ਵੀ ਕਿਸੇ ਸਕੂਲ ਨੂੰ SOGI-ਸ਼ਾਮਲ ਹੋਣ ਤੋਂ ਨਹੀਂ ਰੋਕ ਸਕਦਾ।SOGI, Canadian Human Rights Act ਦੇ ਅਧੀਨ ਸੁਰੱਖਿਅਤ ਹੈ, ਅਤੇ ਇਹ ਕਾਨੂੰਨ ਸਕੂਲਾਂ 'ਤੇ ਵੀ ਲਾਗੂ ਹੁੰਦਾ ਹੈ।

ਸਕੂਲਾਂ ਨੂੰ ਇਹ ਚੋਣ ਕਰਨ ਦੀ ਇਜਾਜ਼ਤ ਨਹੀਂ ਕਿ ਕਿਹੜੇ human rights ਕਲਾਸਰੂਮ ਵਿੱਚ ਮੰਨੇ ਜਾਣ ਤੇ ਕਿਹੜੇ ਨਹੀਂ।

ਹਰ ਵਿਦਿਆਰਥੀ ਦਾ ਅਧਿਕਾਰ ਹੈ ਕਿ ਉਹ ਆਪਣੇ ਸਕੂਲ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਅਤੇ ਸ਼ਾਮਲ ਮਹਿਸੂਸ ਕਰੇ।

ਕੀ ਮਾਪੇ ਆਪਣੇ ਬੱਚੇ ਨੂੰ ਕਲਾਸ ਵਿੱਚ ਹੋਣ ਵਾਲੀਆਂ SOGI-ਸਬੰਧੀ ਗੱਲਬਾਤਾਂ ਤੋਂ ਬਾਹਰ ਰੱਖ ਸਕਦੇ ਹਨ?

ਨਹੀਂ, ਇਹ ਸੰਭਵ ਨਹੀਂ। SOGI ਦਾ ਸਬੰਧ ਹਰੇਕ ਵਿਸ਼ੇ ਵਿੱਚ ਸ਼ਮੂਲੀਅਤ ਅਤੇ ਵਿਭਿੰਨਤਾ ਨਾਲ ਹੈ — ਇਹ ਕੋਈ ਇਕ ਅਲੱਗ ਕਲਾਸ ਜਾਂ ਸਿਲੇਬਸ ਦਾ ਸਿਰਫ਼ ਇੱਕ ਹਿੱਸਾ ਨਹੀਂ ਹੈ।

ਬੱਚੇ ਨੂੰ SOGI-ਸਬੰਧੀ ਗੱਲਬਾਤਾਂ ਤੋਂ ਕੱਢਣਾ ਇਸ ਲਈ ਸੰਭਵ ਨਹੀਂ, ਕਿਉਂਕਿ ਇਹ ਗੱਲਾਂ ਰੋਜ਼ਾਨਾ ਦੀਆਂ ਕਲਾਸਰੂਮ ਗੱਲਬਾਤਾਂ ਵਿੱਚ ਕੁਦਰਤੀ ਤਰੀਕੇ ਨਾਲ ਆ ਜਾਂਦੀਆਂ ਹਨ, ਜਿਵੇਂ ਕਿ:

- ਇੱਕ ਵਿਦਿਆਰਥੀ ਜਿਸ ਦੇ ਦੋ ਪਿਤਾ ਹਨ, ਕਲਾਸ ਵਿੱਚ ਆਪਣੇ ਪਰਿਵਾਰ ਬਾਰੇ ਗੱਲ ਕਰਦਾ ਹੈ।
- ਵਿਦਿਆਰਥੀਆਂ ਨੂੰ ਸਕੂਲ ਦੇ ਨਾਟਕ ਲਈ ਆਪਣਾ ਕਪੜਾ / ਕਾਸਟਿਊਮ ਖੁਦ ਚੁਣਨ ਦੀ ਆਜ਼ਾਦੀ ਹੋਵੇ, ਬਿਨਾਂ ਇਸ ਡਰ ਦੇ ਕਿ ਕੋਈ ਉਹਨਾਂ ਦਾ ਮਜ਼ਾਕ ਉਡਾਏ ਜਾਂ ਉਹਨਾਂ ਨੂੰ ਬੁਲੀ ਕਰੇ।
- ਜੌਬ ਫੇਅਰ (ਨੌਕਰੀ ਮੇਲਾ) ਵਿੱਚ ਇੱਕ ਪ੍ਰਜ਼ੇਂਟੇਸ਼ਨ ਜੋ ਵਿਦਿਆਰਥੀਆਂ ਨੂੰ ਹੌਸਲਾ ਦੇਵੇ ਕਿ ਉਹ ਜੈਂਡਰ ਸਟੀਰੀਓਟਾਈਪ ਤੋਂ ਇਲਾਵਾ, ਜੋ ਵੀ ਨੌਕਰੀ ਚਾਹੁੰਦੇ ਹਨ, ਉਹ ਚੁਣ ਸਕਦੇ ਹਨ।

ਸਕੂਲਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਪਹਿਲ ਕਰਕੇ ਹਰ ਵਿਦਿਆਰਥੀ ਲਈ ਸੁਰੱਖਿਅਤ ਅਤੇ ਸ਼ਾਮਿਲ ਕਰਨ ਵਾਲਾ ਸਿੱਖਣ ਦਾ ਮਾਹੌਲ ਤਿਆਰ ਕਰਨ।

SOGI 123

SOGIeducation.org 'ਤੇ ਹੋਰ ਜਾਣੋ।